ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।

ਦਫਤਰੀ ਹੁਕਮ

ਨੰ: 4ਐਮਈ 2-ਪੰ:-13/ 339 ਮਿਤੀ, ਚੰਡੀਗੜ੍ਹ:- 10-1-14

ਇਸ ਦਫਤਰੀ ਹੁਕਮ ਰਾਹੀਂ ਸ੍ਰੀ ਅਵਤਾਰ ਸਿੰਘ, ਜੂਨੀਅਰ ਫੋਟੋਗ੍ਰਾਫਰ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਦੀ ਤਰੱਕੀ ਬਤੌਰ ਆਰਟਿਸਟ-ਕਮ- ਫੋਟੋਗ੍ਰਾਫਰ ਤਨਖਾਹ ਸਕੇਲ ਰੁਪਏ 5910 - 20200 ਜਮਾ ਗਰੇਡ ਪੇ 2800 ਰੁਪਏ ਵਿਚ ਵਿਭਾਗ ਦੀ ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ ਦੇ ਡਰਾਫਟ ਰੂਲਾਂ ਵਿਚ ਦਰਜ ਉਪਬੰਧਾਂ ਦੇ ਤਹਿਤ ਆਰਜੀ ਤੌਰ ਤੇ ਕੀਤੀ ਜਾਂਦੀ ਹੈ ਅਤੇ ਤਰੱਕੀ ਉਪਰੰਤ ਤੈਨਾਤੀ ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਅੰਮ੍ਰਿਤਸਰ ਸ੍ਰੀ ਜਸਵੀਰ ਸਿੰਘ, ਆਰਟਿਸਟ-ਕਮ- ਫੋਟੋਗ੍ਰਾਫਰ ਦੀ ਤਰੱਕੀ ਕਾਰਨ ਖਾਲੀ ਹੋਈ ਅਸਾਮੀ ਵਿਰੁੱਧ ਕੀਤੀ ਜਾਂਦੀ ਹੈ। ਇਹ ਤਰੱਕੀ ਹੇਠ ਲਿਖੀ ਸਰਤਾਂ ਤੇ ਕੀਤੀ ਜਾਂਦੀ ਹੈ:

1. ਇਹ ਤਰਕੀ ਬਿਲਕੁਲ ਆਰਜੀ ਤੌਰ ਤੇ ਕੀਤੀ ਜਾਂਦੀ ਹੈ, ਜੇਕਰ ਆਪ ਤੋਂ ਕੋਈ ਕਰਮਚਾਰ ਸਿੀਨੀਅਰ ਪਾਇਆ ਗਿਆ ਤਾਂ ਜੂਨੀਅਰ ਕਰਮਚਾਰੀ ਨੂੰ ਤੁਰੰਤ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

2. ਜੇਕਰ ਬਾਦ ਵਿਚ ਕਿਸੇ ਸਟੇਜ ਤੇ ਇਹ ਪਾਇਆ ਗਿਆ ਕਿ ਆਪ ਇਸ ਆਸਾਮੀ ਲਈ ਲੌੜੀਦੀਂ ਵਿਦਿਅਕ ਯੋਗਤਾਵਾਂ ਜਾਂ ਤਜਰਬਾ ਪੂਰਾ ਨਹੀਂ ਕਰਦਾ ਹੈ ਤਾਂ ਆਪ ਨੂੰ ਤੁਰੰਤ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

3. ਇਹ ਤਰਕੀ ਕਾਰਨ ਨਵੀਂ ਆਸਾਮੀਂ ਤੇ ਹਾਜਰ ਹੋਣ ਕਾਰਣ ਆਪ ਨੂੰ ਇਕ ਸਾਲ ਦੇ ਸਮੇਂ ਲਈ ਪਰਖ ਕਾਲ ਸਮਾਂ ਤਸੱਲੀਬਖਸ ਤਰੀਕੇ ਨਾਲ ਪਾਰ ਕਰਨਾਂ ਪਵੇਗਾ, ਜੇਕਰ ਇਸ ਪਰਖ ਕਾਲ ਸਮੇਂ ਦੌਰਾਨ ਆਪ ਦਾ ਕੰਮ ਕਾਜ ਤਸਲੀਬਖਸ ਨਾ ਪਾਇਆ ਗਿਆ ਤਾਂ ਆਪ ਨੂੰ ਬਿਨਾਂ ਕੋਈ ਕਾਰਨ ਦਸੇ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

4. ਆਪ ਨੂੰ ਇਹਨਾਂ ਹੁਕਮਾਂ ਦੀ ਪਾਲਣਾਂ ਵਿਚ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਲਈ ਤੁਰੰਤ ਰਲੀਵ ਕਰ ਦਿਤਾ ਜਾਵੇ ਅਤੇ ਆਪ ਨੂੰ ਇਹ ਹੁਕਮ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ ਅੰਦਰ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣਾ ਪਵੇਗਾ ਜੇਕਰ ਕੋਈ ਕਰਮਚਾਰੀ ਮਿਥੇ ਸਮੇਂ, 15 ਦਿਨਾਂ ਦੇ ਅੰਦਰ ਅੰਦਰ, ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਨਹੀਂ ਹੁਦਾਂ ਤਾਂ ਉਸ ਦੀ ਤਰਕੀ ਦੇ ਹੁਕਮ ਰੱਦ ਸਮਝੇ ਜਾਣਗੇ ਅਤੇ ਕਰਮਚਾਰੀ ਨੂੰ ਇਸ ਤਰਕੀ ਤੇ ਵਿਚਾਰਣ ਲਈ 3 ਸਾਲ ਦੇ ਸਮੇਂ ਲਈ ਡਿਬਾਰ ਕੀਤਾ ਜਾਵੇਗਾ। ਇਹ ਸਮਾਂਸ੍ਰੀ ਜਸਵੀਰ ਸਿੰਘ, ਆਰਟਿਸਟ-ਕਮ- ਫੋਟੋਗ੍ਰਾਫਰ ਦੇ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਹਾਜਰ ਹੋਣ ਦੀ ਮਿਤੀ ਤੋ ਮਨਿੰਆ ਜਾਵੇਗਾ।

5. ਆਪ ਨੂੰ ਤਰਕੀ ਉਪਰੰਤ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਤੋਂ ਪਹਿਲਾਂ ਉਕਤ ਸਰਤਾਂ ਦੀ ਸਹਿਮਤੀ ਬਾਰੇ ਤਸਦੀਕਸੁਦਾ ਹਲਫਿਆ ਬਿਆਨ ਦੇਣਾ ਪਵੇਗਾ ਅਤੇ ਇਹ ਹਲਫਿਆ ਬਿਆਨ ਕਰਮਚਾਰੀਆਂ ਦੀ ਹਾਜਰੀ ਰਿਪੋਰਟ, ਜੋ ਸੰਸਥਾਂ ਦੇ ਮੁਖੀ ਵਲੋਂ ਸਹੀ ਕੀਤੀ ਹੋਵੇ, ਦੇ ਨਾਲ ਇਸ ਦਫਤਰ ਨੂੰ ਭੇਜੇ ਜਾਣ।

6. ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜੇਕਰ ਇਸ ਕਰਮਚਾਰੀ ਦੀ ਤਰੱਕੀ ਬਤੌਰ ਫੋਟੋ ਆਰਟਿਸਟ-ਕਮ- ਫੋਟੋਗ੍ਰਾਫਰ ਨਹੀਂ ਕੀਤੀ ਜਾਂਦੀ ਤਾਂ ਉਸਨੇ ਜੂਨੀਅਰ ਫੋਟੋਗ੍ਰਾਫਰ ਦੀ ਪੁਰਾਣੀ ਆਸਾਮੀ ਤੇ ਹੀ ਕੰਮ ਕਰਨਾ ਸੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

ਪਿੱਠ ਅੰ:ਨੰ:4ਐਮ.ਈ.2-ਪੰ:13/ 340-43 ਮਿਤੀ ਚੰਡੀਗੜ੍ਹ:- 10-1-14

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਹਿਤ ਭੇਜੀਆ ਜਾਂਦਾ ਹੈ। ਕਰਮਚਾਰੀਆਂ ਦੀ ਫਾਰਗੀ ਅਤੇ ਹਾਜਰੀ ਰਿਪੋਰਟਾਂ ਇਸ ਦਫਤਰ ਨੂੰ ਭੇਜੀਆਂ ਜਾਣ:-

1. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਲਿਖਿਆ ਜਾਂਦਾ ਹੈ ਕਿ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਤੋ ਸ੍ਰੀ ਜਸਵੀਰ ਸਿੰਘ, ਆਰਟਿਸਟ-ਕਮ- ਫੋਟੋਗ੍ਰਾਫਰ ਦੀ ਹਾਜਰੀ ਰਿਪੋਰਟ ਬਤੋਰ ਫੋਟੋਆਰਟਿਸਟ ਪ੍ਰਾਪਤ ਹੋਣ ਤੇ ਹੀ ਕਰਮਚਾਰੀ ਨੂੰ ਤਰੱਕੀ ਉਪਰੰਤ ਅਗਲੀ ਤੈਨਾਤੀ ਤੇ ਹਾਜਰ ਹੋਣ ਲਈ ਰਲੀਵ ਕੀਤਾ ਜਾਵੇ।
2. ਪ੍ਰਿੰਸੀਪਲ, ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਅੰਮ੍ਰਿਤਸਰ ਨੂੰ ਲਿਖਿਆ ਜਾਂਦਾ ਹੈ ਕਿ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਤੋ ਸ੍ਰੀ ਜਸਵੀਰ ਸਿੰਘ ਦੀ ਹਾਜਰੀ ਰਿਪੋਰਟ ਬਤੋਰ ਫੋਟੋਆਰਟਿਸਟ ਪ੍ਰਾਪਤ ਹੋਣ ਤੇ ਹੀ ਕਰਮਚਾਰੀ ਨੂੰ ਤਰੱਕੀ ਉਪਰੰਤ ਅਗਲੀ ਤੈਨਾਤੀ ਤੇ ਹਾਜਰ ਕਰਵਾਇਆ ਜਾਵੇ।

3. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਸ੍ਰੀ ਜਸਵੀਰ ਸਿੰਘ , ਆਰਟਿਸਟ-ਕਮ- ਫੋਟੋਗ੍ਰਾਫਰ ਬਤੌਰ ਫੋਟੋਆਰਟਿਸਟ ਹਾਜਰੀ ਰਿਪੋਰਟ ਪੇਸ ਕਰਦਾ ਹੈ ਤਾਂ ਇਸ ਬਾਰੇ ਮੈਡੀਕਲ ਕਾਲਜ, ਪਟਿਆਲਾ ਨੂੰ ਸੂਚਿਤ ਕੀਤਾ ਜਾਵੇ।

4. ਸ੍ਰੀ ਅਵਤਾਰ ਸਿੰਘ,ਜੂਨੀਅਰ ਫੋਟੋਗ੍ਰਾਫਰ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।